



ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਹੱਥ-ਲਿਖਤਾਂ ਦਾ ਸੰਸਾਰ
## ਭਾਰਤੀ ਪ੍ਰਸੰਗ




**ਡਾ. ਸਤਵਿੰਦਰਪਾਲ ਕੌਰ ਗਿੱਲ**
ਅਸਿਸਟੈਂਟ ਪ੍ਰੋਫੈਸਰ
ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



**ਡਾ. ਜਤਿੰਦਰ ਸਿੰਘ ਗਿੱਲ**
ਅਸਿਸਟੈਂਟ ਲਾਇਬ੍ਰੇਰੀਅਨ
ਭਾਈ ਗੁਰਦਾਸ ਲਾਇਬ੍ਰੇਰੀ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
9501045025
jatinder.lib@gndu.ac.in

### 1. ਭੂਮਿਕਾ:

ਸਦੀਆਂ ਤੋਂ ਮਨੁੱਖ ਦਾ ਇਸ ਧਰਤੀ ਤੇ ਨਿਵਾਸ ਹੈ।ਇਸਦਾ ਵਾਸਤਾ ਅਨੇਕ ਪ੍ਰਕਾਰ ਦੇ ਹਾਲਾਤਾਂ ਨਾਲ ਰਿਹਾ ਹੈ। ਕੁੱਲੀ, ਗੁੱਲੀ ਅਤੇ ਜੁੱਲੀ ਦਾ ਪ੍ਰਬੰਧ ਕਰਦਿਆਂ, ਜੰਗਾਂ-ਯੁੱਧਾਂ ਦੇ ਨਾਲ-ਦੋ-ਚਾਰ ਹੁੰਦਾ ਹੋਇਆ ਮਨੁੱਖ ਅੱਜ ਇਕੀਵੀਂ ਸਦੀ ਵਿਚ ਮੁਕਾਮ ਕਰ ਰਿਹਾ ਹੈ। ਉਸਨੇ ਇਸ ਸਭ ਕੁਝ ਕਰਦਿਆਂ ਹੋਇਆਂ ਬੌਧਿਕ ਵਿਕਾਸ ਵੀ ਜਾਰੀ ਰੱਖਿਆ, ਜਿਸਦੇ ਫਲਸਰੂਪ ਉਹ ਪੱਥਰ-ਯੁੱਗ ਤੋਂ ਅਤਿ ਆਧੁਨਿਕ ਸੂਚਨਾ ਤਕਨਾਲੋਜੀ ਦੇ ਯੁੱਗ ਦਾ ਹਾਣੀ ਬਣ ਗਿਆ ਹੈ। ਬੀਤੇ ਸਮੇਂ ਵਿਚ ਮਨੁੱਖ ਦੀ ਸੋਚ, ਅਕਲ, ਵਿਸ਼ਵਾਸਾਂ, ਰਹਿਣ-ਸਹਿਣ ਅਤੇ ਤਜਰਬਿਆਂ ਵਿਚੋਂ ਗਿਆਨ ਪੈਦਾ ਹੋਇਆ, ਉਸਨੂੰ ਸੰਗ੍ਰਹਿ ਕਰਨ ਅਤੇ ਭਵਿੱਖ ਨੂੰ ਅਗਵਾਹੀ ਦੇਣ ਲਈ ਸਾਡੇ ਕੋਲ ਪੁਰਾਤਨ ਇਮਾਰਤਾਂ, ਹਥਿਆਰ, ਸਿੱਕੇ ਅਤੇ ਹੋਰ ਵਰਤੋਂ ਵਾਲੀਆਂ ਚੀਜਾਂ ਮੌਜੂਦ ਹਨ, ਜੋ ਪੀੜ੍ਹੀ ਦਰ ਪੀੜ੍ਹੀ ਨਾਲ-ਨਾਲ ਚੱਲਦੀਆਂ ਹੋਈਆਂ ਸਾਡੇ ਤੱਕ ਪਹੁੰਚੀਆਂ ਹਨ। ਪਰ ਇਹਨਾਂ ਸਾਰਿਆਂ ਤੋਂ ਇਲਾਵਾ ਜੋ ਸਾਨੂੰ ਬੀਤੇ ਸਮੇਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਨ ਵਾਲੇ ਸ੍ਰੋਤ ਹਨ, ਉਹ ਹੱਥ-ਲਿਖਤਾਂ ਜਾਂ ਖਰੜੇ ਹਨ। ਇਨ੍ਹਾਂ ਨੂੰ ਹਿੰਦੀ ਵਿਚ ਪਾਂਡੂਲਿਪੀ ਅਤੇ ਅੰਗ੍ਰੇਜ਼ੀ ਵਿਚ ਮੈਨੂਸਕਰਿਪਟ ਕਿਹਾ ਜਾਂਦਾ ਹੈ। ਹੱਥ-ਲਿਖਤਾਂ ਦਾ ਆਪਣਾ ਵਿੱਲਖਣ ਅਤੇ ਡੂੰਘਾ ਸੰਸਾਰ ਹੈ।

ਅੱਜ ਅਸੀਂ ਸੂਚਨਾ ਤਕਨਾਲੋਜੀ ਦੇ ਯੁਗ ਵਿਚ ਰਹਿ ਰਹੇ ਹਾਂ, ਜਿਸ ਵਿਚ ਸੂਚਨਾ ਪ੍ਰਵਾਹ ਦੇ ਬੇਸ਼ੁਮਾਰ ਸਾਧਨ ਮੌਜੂਦ ਹਨ। ਇੰਟਰਨੈੱਟ 'ਤੇ ਅਨੇਕਾਂ ਪਲੇਟਫਾਰਮ ਅਤੇ ਐਪਲੀਕੇਸ਼ਨਜ਼ ਮੌਜੂਦ ਹਨ, ਜਿਨ੍ਹਾਂ ਵਿਚ ਵੀਡੀਓ ਅਤੇ ਆਡੀਓਗ੍ਰਾਫੀ ਦੀ ਸਹੂਲਤ ਹੈ। ਅਸੀਂ ਆਪਣੀ ਗਿਆਨ ਅਤੇ ਤਜਰਬਿਆਂ ਨੂੰ ਹੋਰਾਂ ਨਾਲ ਸਾਂਝਾ ਕਰਕੇ ਸਟੋਰੇਜ਼ ਡਿਵਾਇਸਿਜ਼ ਵਿਚ ਇਕੱਤਰ ਕਰ ਸਕਦੇ ਹਾਂ, ਜੋ ਭਵਿੱਖ ਵਿਚ ਆਉਣ ਵਾਲੀਆਂ ਪੀੜੀਆਂ ਲਈ ਰਾਹ-ਦਸੇਰਾ ਬਣਨਗੇ। ਪਰ ਜਿਸ ਸਮੇਂ ਦਾ ਜ਼ਿਕਰ ਅਸੀਂ ਇੱਥੇ ਕਰ ਰਹੇ ਹਾਂ ਉਸ ਸਮੇਂ ਕੇਵਲ ਜ਼ੁਬਾਨੀ ਸੰਵਾਦ ਸੀ ਜਾਂ ਲਿਖਤੀ ਰੂਪ ਵਿਚ ਸਿਰਫ ਹੱਥ-ਲਿਖਤਾਂ ਹੀ ਅਜਿਹਾ ਸਾਧਨ ਸਨ, ਜਿਨ੍ਹਾਂ ਰਾਹੀ ਲੋਕ ਆਪਣੀ ਸੋਚ ਅਤੇ ਤਜ਼ਰਬੇ ਛੱਡ ਕੇ ਜਾ ਸਕਦੇ ਸਨ।

### 2. ਹੱਥ-ਲਿਖਤ ਦੀ ਪ੍ਰੀਭਾਸ਼ਾ:

ਨੈਸ਼ਨਲ ਮਿਸ਼ਨ ਫਾਰ ਮੈਨੂਸਕਰਿਪਟਸ, ਨਵੀਂ ਦਿੱਲੀ ਦੇ ਅਨੁਸਾਰ ਹੱਥ-ਲਿਖਤ ਉਸ ਦਸਤਾਵੇਜ਼ ਨੂੰ ਕਿਹਾ ਜਾ ਸਕਦਾ ਹੈ: -

> "ਜੋ ਹੱਥ ਦੁਆਰਾ ਲਿਖਿਆ ਹੋਇਆ ਹੋਵੇ, ਘੱਟੋ-ਘੱਟ 75 ਸਾਲ ਪੁਰਾਣਾ ਹੋਵੇ ਅਤੇ ਉਸਦੀ ਸੁਹਜ-ਸੁੰਦਰਤਾ ਦੇ ਪੱਖ ਤੋਂ, ਵਿਗਿਆਨਿਕ, ਜਾਂ ਇਤਿਹਾਸਿਕ ਮੱਹਤਤਾ ਹੋਵੇ"[1]

### 3. ਹੱਥ-ਲਿਖਤਾਂ ਦੀ ਸਮੱਗਰੀ:

ਵੱਖ-ਵੱਖ ਸਮੇਂ ਅਤੇ ਸਥਾਨਾਂ ਮੁਤਾਬਿਕ ਹੱਥ-ਲਿਖਤਾਂ ਲਿਖਣ ਲਈ ਕਈ ਤਰ੍ਹਾਂ ਦੀ ਸਮੱਗਰੀ ਅਧਾਰ ਬਣਦੀ ਰਹੀ ਹੈ, ਜਿਵੇਂ ਇਹ ਮਿੱਟੀ ਦੀਆਂ ਸਲੇਟਾਂ, ਕੱਪੜੇ, ਘਾਹ-ਫੂਸ ਨੂੰ ਗਾਲ ਕੇ ਤਿਆਰ ਕੀਤੇ ਕਾਗਜ਼, ਪੱਤਿਆਂ, ਭੋਜ ਪੱਤਰਾਂ, ਚਮੜੇ ਜਾਂ ਧਾਤਾਂ ਉੱਪਰ ਲਿਖੀਆ ਜਾਂਦੀਆਂ ਸਨ।[2]

ਇਹ ਹੱਥ-ਲਿਖਤਾਂ ਲਿਖਣ ਲਈ ਸ਼ਾਂਤ ਅਤੇ ਰਮਣੀਕ ਸਥਾਨਾਂ ਦੀ ਵਰਤੋਂ ਹੁੰਦੀ ਰਹੀ ਹੈ, ਜਿਵੇਂ ਵਗਦੇ ਪਾਣੀਆਂ ਦੇ ਕੰਢੇ, ਜੰਗਲਾਂ, ਹਰਿਆਲੀਆਂ, ਪਹਾੜਾਂ ਦੀ ਗੋਦ ਵਿਚ ਜਾਂ ਧਾਰਮਿਕ ਸਥਾਨਾਂ ਵਿਚ।

### 4. ਹੱਥ-ਲਿਖਤਾਂ ਦੀ ਲਿੱਪੀ/ਭਾਸ਼ਾ:

ਭਾਰਤ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਲਿੱਪੀਆਂ ਵਿਚ ਇਹ ਸ੍ਰੋਤ ਮਿਲਦੇ ਹਨ, ਪਰ ਖਾਸ ਕਰਕੇ ਉੱਤਰ ਭਾਰਤ ਵਿਚ ਇਹ ਸ੍ਰੋਤ ਸੰਸਕ੍ਰਿਤ, ਹਿੰਦੀ, ਰਾਜਸਥਾਨੀ, ਗੁਰਮੁਖੀ (ਪੰਜਾਬੀ) ਉਰਦੂ, ਫ਼ਾਰਸੀ, ਅਰਬੀ ਅਤੇ ਸ਼ਾਰਦਾ ਵਿਚ ਮੌਜੂਦ ਹਨ।[3]

### 5. ਹੱਥ-ਲਿਖਤਾਂ ਦਾ ਗਿਆਨ ਖੇਤਰ:


ਇਹਨਾਂ ਗ੍ਰੰਥਾਂ ਦੇ ਗਿਆਨ ਦਾ ਘੇਰਾ ਬਹੁ-ਦਿਸ਼ਾਵੀ ਅਤੇ ਬਹੁ-ਧਾਰਾਵੀ ਹੈ, ਪਰ ਫਿਰ ਵੀ ਇਹ ਜ਼ਿਆਦਾਤਰ ਧਰਮ, ਦਰਸ਼ਨ, ਵੇਦ-ਵੇਦਾਂਤ, ਆਯੁਰਵੇਦ, ਸੁਹਜ-ਸ਼ਿੰਗਾਰ, ਖਗੋਲ ਵਿਗਿਆਨ, ਯੋਗ, ਵਾਸਤੂ, ਗਣਿਤ, ਭਾਸ਼ਾ ਵਿਗਿਆਨ, ਜੋਤਿਸ਼ ਅਤੇ ਲੋਕ ਚਿਕਿਤਸਾ ਆਦਿ ਨਾਲ ਸਬੰਧਿਤ ਹਨ।[4]

### 6. ਹੱਥ-ਲਿਖਤਾਂ ਦੀ ਮੌਜ਼ੂਦਗੀ:

ਮੌਜੂਦਾ ਸਮੇਂ ਵਿਚ ਹੱਥ-ਲਿਖਤਾਂ ਲਾਇਬ੍ਰੇਰੀਆਂ, ਸੰਗ੍ਰਹਿ, ਧਾਰਮਿਕ ਅਸਥਾਨਾਂ, ਡੇਰਿਆਂ ਜਾ ਘਰਾਂ ਵਿਚ ਮੌਜੂਦ ਹਨ। ਹੱਥ-ਲਿਖਤਾਂ ਨਾਲ ਦਿਲਚਸਪ ਪਹਿਲੂ ਇਹ ਵੀ ਜੁੜਿਆ ਹੋਇਆ ਹੈ ਕਿ ਹੱਥ-ਲਿਖਤਾਂ ਇਕੱਤਰ ਕਰਨ ਦੇ ਚਾਹਵਾਨਾਂ ਨੂੰ ਵੱਡੀ ਗਿਣਤੀ ਵਿਚ ਇਹਨਾਂ ਦੀ ਪ੍ਰਾਪਤੀ ਪੁਰਾਣੀਆਂ ਕਿਤਾਬਾਂ ਦੇ ਵਪਾਰੀਆਂ/ ਕਬਾੜੀਆਂ ਤੋਂ ਵੀ ਹੁੰਦੀ ਰਹੀ ਹੈ। ਜਿਵੇਂ ਜੌਹਰੀ ਲਈ ਤਾਂ ਹੀਰੇ ਦੀ ਕੀਮਤ ਹੈ, ਪਰ ਇਸਦੇ ਗੁਣਾਂ ਤੋਂ ਅਣਜਾਣ ਵਿਅਕਤੀ ਲਈ ਇਹ ਕੱਚ ਹੀ ਹੈ। ਇਸੇ ਤਰ੍ਹਾਂ ਜੋ ਲੋਕ ਆਪਣੇ ਬਜ਼ੁਰਗਾਂ ਦੇ ਅਮੀਰ ਵਿਰਸੇ ਨੂੰ ਸੰਭਾਲ ਨਹੀਂ ਪਾਉਂਦੇ, ਉਹਨਾਂ ਦੁਆਰਾ ਇਹ ਦੁਰਲੱਭ ਸ੍ਰੋਤ ਵੀ ਰੱਦੀ ਸਮਾਨ ਹੀ ਸਮਝ ਲਏ ਜਾਂਦੇ ਹਨ। ਇਹ ਨੁਕਸਾਨ ਵਿਅਕਤੀਗਤ ਨਹੀਂ, ਬਲਕਿ ਸਮਾਜਕ ਹੁੰਦਾ ਹੈ, ਜਿਸਦੀ ਭਰਪਾਈ ਕਰਨੀ ਅਸੰਭਵ ਹੈ। ਜਿਨ੍ਹਾਂ ਵਿਦਵਾਨਾਂ ਅਤੇ ਸੰਸਥਾਵਾਂ ਨੇ ਹੱਥ-ਲਿਖਤਾਂ ਇਕੱਠੀਆਂ ਕਰਨ ਅਤੇ ਉਨ੍ਹਾਂ ਨੂੰ ਸੰਭਾਲਣ ਦਾ ਕਾਰਜ ਕੀਤਾ ਹੈ ਜਾਂ ਹੁਣ ਵੀ ਕਰ ਰਹੇ ਹਨ, ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੀਆਂ ਆਭਾਰੀ ਰਹਿਣਗੀਆਂ।

### 7. ਹੱਥ-ਲਿਖਤਾਂ ਦਾ ਸ਼ਿੰਗਾਰ:

ਕਈ ਹੱਥ-ਲਿਖਤਾਂ ਵਿਚ ਪਾਠ-ਕ੍ਰਮ ਦੇ ਅਨੁਸਾਰ ਰੰਗਦਾਰ ਤਸਵੀਰਾਂ ਮਿਲਦੀਆਂ ਹਨ, ਜਿਵੇਂ, ਮਹਾਂਭਾਰਤ, ਰਮਾਇਣ, ਹਨੂਮਾਨ ਨਾਟਕ ਆਦਿ। ਪੱਤਰਿਆਂ ਦੇ ਹਾਸ਼ੀਏ 'ਤੇ ਡਿਜ਼ਾਇਨ ਬਣਾਏ ਹੋਏ ਮਿਲਦੇ ਹਨ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਬੀੜਾਂ ਵਿਚ।



(ਸ੍ਰੋਤ:https://en.wikipedia.org/wiki/Dasam_Granth#/media/
File:Illuminated_frontispiece_of_the_Dasam_Granth.jpg)

ਕਈ ਹੱਥ-ਲਿਖਤਾਂ ਦੀ ਲਿਖਾਈ ਬੇਹੱਦ ਸੁੰਦਰ ਹੁੰਦੀ ਹੈ। ਕੁਝ ਹੱਥ-ਲਿਖਤਾਂ ਵਿਚ ਸੋਨੇ ਅਤੇ ਨੀਲਮ ਦੀ ਵਰਤੋਂ ਵੀ ਕੀਤੀ ਹੋਈ ਮਿਲਦੀ ਹੈ। ਹੱਥ-ਲਿਖਤਾਂ ਦੇ ਸੰਸਾਰ ਵਿਚ ਵਿਚਰਦਿਆਂ ਇਕ ਖੋਜੀ ਪਾਠਕ ਆਪਣੇ ਬਜ਼ੁਰਗਾਂ ਦੀ ਮਿਹਨਤ, ਭਗਤੀ, ਕਲਾਕਾਰੀ ਅਤੇ ਸੁਹਜ-ਸੁੰਦਰਤਾ ਦੇਖ ਕੇ ਅਸ਼-ਅਸ਼ ਕਰ ਉੱਠਦਾ ਹੈ।

## 8. ਹੱਥ-ਲਿਖਤਾਂ ਦੀ ਮਹੱਤਤਾ:

ਬਜ਼ੁਰਗ ਦਸਤਾਵੇਜ ਭਾਵ ਹੱਥ-ਲਿਖਤਾਂ ਗਿਆਨ ਦਾ ਉਹ ਵਡਮੁੱਲਾ ਖਜ਼ਾਨਾ ਹਨ, ਜੋ ਸਾਨੂੰ ਆਪਣੇ ਵੱਡੇ-ਵਡੇਰਿਆਂ ਦੇ ਸਮੇਂ ਦੇ ਦਰਸ਼ਨ ਕਰਵਾਉਂਦੇ ਹਨ। ਇਹ ਸ੍ਰੋਤ ਬੀਤੇ ਸਮੇਂ ਦੇ ਲੋਕਾਂ ਦੇ ਆਪਸੀ ਸਬੰਧਾਂ, ਧਾਰਮਿਕ ਤੇ ਲੋਕ ਵਿਸ਼ਵਾਸਾਂ ਬਾਰੇ ਚਾਨਣਾ ਪਾਉਂਦੇ ਹਨ। ਹੱਥ-ਲਿਖਤਾਂ ਤੋਂ ਸਬੰਧਿਤ ਸਮੇਂ ਦੇ ਲੋਕਾਂ ਦੇ ਬੌਧਿਕ ਪੱਧਰ ਬਾਰੇ ਜਾਣਕਾਰੀ ਮਿਲਦੀ ਹੈ। ਅੱਜ ਵੀ ਇਹਨਾਂ ਰਾਹੀਂ ਭੂਤਕਾਲ ਦੇ ਤਜ਼ਰਬਿਆਂ ਤੋਂ ਲਾਭ ਉਠਾਇਆ ਜਾ ਸਕਦਾ ਹੈ। ਕੁਝ ਉੱਘੜਵੇਂ ਖੇਤਰਾਂ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ, ਜਿੱਥੇ ਹੱਥ-ਲਿਖਤਾਂ ਦੀ ਮਹੱਤਤਾ ਬਹੁਤ ਡੂੰਘੀ ਮਹਿਸੂਸ ਕੀਤੀ ਜਾ ਸਕਦੀ ਹੈ: -

### 8.1 ਧਾਰਮਿਕ ਮਹੱਤਤਾ:

ਜੇਕਰ ਭਾਰਤ ਦੀ ਗੱਲ ਕਰੀਏ ਤਾਂ ਰਾਮਾਇਣ, ਮਹਾਂਭਾਰਤ, ਅਤੇ ਰਿਗਵੇਦ ਗ੍ਰੰਥਾਂ ਕਾਰਨ ਹੀ ਅਸੀਂ ਹਜ਼ਾਰਾਂ ਸਾਲ ਪਹਿਲਾਂ ਵਾਪਰ ਚੁੱਕੀਆਂ ਘਟਨਾਵਾਂ ਬਾਰੇ ਜਾਣ ਸਕੇ ਹਾਂ। ਇਹ ਗਿਆਨ ਜ਼ੁਬਾਨੀ ਰੂਪ ਵਿਚ ਜਾਂ ਫਿਰ ਹੱਥ-ਲਿਖਤਾਂ ਦੇ ਰੂਪ ਵਿਚ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਿਆ ਹੈ।ਇਸੇ ਤਰਾਂ ਬੁੱਧ ਧਰਮ, ਜੈਨ ਧਰਮ, ਇਸਲਾਮ ਧਰਮ ਅਤੇ ਸਿੱਖ ਧਰਮ ਬਾਰੇ ਅਧਿਆਤਮਿਕਤਾ ਦੇ ਸ੍ਰੋਤ ਉਪਲਬਧ ਹਨ। ਸਿੱਖ ਧਰਮ ਵਿਚ ਆਦਿ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖਾਂ ਦੀ ਭਗਤਮਾਲਾ, ਸਾਖੀਆਂ ਆਦਿ ਪ੍ਰਮੁੱਖ ਹਨ। ਇਹਨਾਂ ਰਾਹੀਂ ਸਾਨੂੰ ਆਪਣੇ ਰਿਸ਼ੀਆਂ, ਗੁਰੂਆਂ, ਪੀਰਾਂ ਅਤੇ ਅਵਤਾਰਾਂ ਦੀ ਅਧਿਆਤਮਿਕਤਾ, ਦਇਆ, ਪ੍ਰੇਮ ਅਤੇ ਬਹਾਦੁਰੀ ਦੀਆਂ ਗਾਥਾਵਾਂ ਬਾਰੇ ਪਤਾ ਲੱਗਦਾ ਹੈ। ਇਹਨਾਂ ਸ੍ਰੋਤਾਂ ਤੋਂ ਜੋ ਸਿੱਖਿਆ ਪ੍ਰਾਪਤ ਹੋਈ ਹੈ, ਭਾਵੇਂ ਉਹ ਔਰਤ ਦੇ ਸਨਮਾਨ, ਭਰੂਣ ਹੱਤਿਆ ਤੇ ਰੋਕ, ਗਰੀਬਾਂ ਦੀ ਮਦਦ ਜਾਂ ਮਨੁੱਖੀ ਬਰਾਬਰੀ ਨਾਲ ਸੰਬੰਧਿਤ ਹੋਵੇ, ਅੱਜ ਉਹਨਾਂ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਈ ਸੰਸਥਾਵਾਂ, ਜਥੇਬੰਦੀਆਂ, ਅਤੇ ਸਰਕਾਰਾਂ ਆਦਿ ਮਿਲ ਕੇ ਕੰਮ ਕਰ ਰਹੀਆਂ ਹਨ।

### 8.2 ਲੋਕ ਵਿਸ਼ਵਾਸਾਂ ਬਾਰੇ:

ਲੋਕ ਵਿਸ਼ਵਾਸਾਂ ਬਾਰੇ ਵੀ ਬਹੁਤ ਦਿਲਚਸਪ ਜਾਣਕਾਰੀ ਹੱਥ-ਲਿਖਤਾਂ ਵਿਚ ਮੌਜੂਦ ਹੈ, ਜਿਨ੍ਹਾਂ ਵਿਚ ਸੂਰਜ, ਚੰਦ, ਪਾਣੀ, ਪਸ਼ੂਆਂ ਅਤੇ ਰੁੱਖਾਂ ਦੀ ਪੂਜਾ ਬਾਰੇ ਵਰਨਣ ਮਿਲਦਾ ਹੈ। ਕਈ ਹੱਥ-ਲਿਖਤਾਂ ਵਿਚ ਹਫਤੇ ਦੇ ਦਿਨਾਂ ਦੀ ਮਹੱਤਤਾ ਦਰਸਾਈ ਗਈ ਹੈ, ਜਿਵੇਂ ਕਿ ਕਿਸੇ ਖਾਸ ਦਿਨ ਨੂੰ ਕੋਈ ਖਾਸ ਮਹੱਤਤਾ ਵਾਲਾ ਕੰਮ ਕਰਨਾ ਹੈ ਜਾਂ ਨਹੀਂ ਕਰਨਾ। ਇਹਨਾਂ ਤੋਂ ਸਾਨੂੰ ਪੁਰਾਣੇ ਜ਼ਮਾਨੇ ਦੇ ਲੋਕਾਂ ਦੀ ਸਮਝ ਅਤੇ ਵਿਸ਼ਵਾਸ ਦਾ ਝਲਕਾਰਾ ਮਿਲਦਾ ਹੈ। ਇਹ ਸ੍ਰੋਤ ਆਉਣ ਵਾਲੀਆਂ ਪੀੜੀਆਂ ਦੇ ਲੋਕਾਂ ਲਈ ਗਿਆਨ ਦਾ ਅਧਾਰ ਪ੍ਰਦਾਨ ਕਰਦੇ ਹਨ, ਅਤੇ ਉਸ ਤੋਂ ਅੱਗੇ ਲੋਕ ਆਪਣੀ ਅਕਲ ਅਤੇ ਤਜ਼ਰਬੇ ਵਰਤਦੇ ਹੋਏ ਆਪਣਾ ਜੀਵਨ ਕਾਲ ਉਸਾਰੂ ਰੂਪ ਵਿਚ ਚਲਾਉਂਦੇ ਹਨ।

### 8.3 ਇਲਾਜ ਪ੍ਰਣਾਲੀ ਦੇ ਖੇਤਰ ਵਿਚ:

ਪ੍ਰਾਚੀਨ ਭਾਰਤ ਵਿਚ ਵਿਕਸਿਤ ਆਯੁਰਵੇਦ ਚਿਕਿਤਸਾ ਪ੍ਰਣਾਲੀ ਦੀ ਅਜੋਕੀ ਦੁਨੀਆਂ ਨਾਲ ਜਾਣ-ਪਛਾਣ ਕਰਾਉਣ ਵਾਲੇ ਵੀ ਇਹ ਹੱਥ-ਲਿਖਤ ਗ੍ਰੰਥ ਹੀ ਹਨ। ਭਾਰਤੀ ਚਕਿਤਸਾ ਦਾ ਸੁਨਿਹਰੀ ਯੁਗ, ਜੋ ਕਿ 800 ਈਸਵੀਂ ਪੂਰਵ ਤੋਂ 1000 ਈਸਵੀਂ ਤਕ ਸੀ, ਉਸ ਦਰਮਿਆਨ ਆਯੂਰਵੇਦ ਦੇ ਮੁਢਲੇ ਮਾਹਿਰ ਚਰਕ ਨੇ "ਚਰਕ ਸੰਹਿਤਾ" ਦਾ ਸੰਕਲਨ ਕੀਤਾ। "ਸ਼ੁਸ਼ਰਤ ਸੰਹਿਤਾ" ਵੀ ਸਭ ਤੋਂ ਪ੍ਰਾਚੀਨ ਚਿਕਿਤਸਾ ਗ੍ਰੰਥਾਂ ਵਿਚੋਂ ਅਹਿਮ ਹੈ, ਅਤੇ ਸ਼ੁਸ਼ਰਤ ਨੂੰ ਹੀ ਸਰਜਰੀ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ।ਚਰਕ ਨੇ 500 ਅਤੇ ਸ਼ੁਸ਼ਰਤ ਨੇ 760 ਪੌਦਿਆਂ ਬਾਰੇ ਗਿਆਨ ਇਕੱਠਾ ਕੀਤਾ, ਜੋ ਦਵਾਈਆਂ ਵਾਲੇ ਗੁਣ ਰੱਖਦੇ ਸਨ।[5] ਵੱਖ-ਵੱਖ ਬਿਮਾਰੀਆਂ ਦੇ ਜੜ੍ਹੀ-ਬੂਟੀਆਂ ਤੇ ਅਧਾਰਿਤ ਨੁਸਖੇ ਮਨੁੱਖ ਨੂੰ ਬਿਮਾਰੀਆਂ ਤੋਂ ਬਚਾਉਣ ਵਿਚ ਸਹਾਈ ਹੁੰਦੇ ਰਹੇ ਹਨ। ਇਸੇ ਪ੍ਰਕਾਰ ਪਸ਼ੂਆਂ ਦੀਆਂ ਬਿਮਾਰੀਆਂ ਦੇ ਨੁਸਖੇ ਵੀ ਸਮਕਾਲੀ ਹਕੀਮਾਂ ਵੱਲੋਂ ਲਿਖੀਆਂ ਹੱਥ-ਲਿਖਤਾਂ ਵਿਚੋਂ ਪ੍ਰਾਪਤ ਹੁੰਦੇ ਹਨ। ਇਹ ਇਲਾਜ ਪ੍ਰਣਾਲੀਆਂ ਸਿੱਧੀ, ਯੂਨਾਨੀ, ਆਯੁਰਵੇਦ ਆਦਿ ਦੇ ਰੂਪ ਵਿਚ ਅੱਜ ਵੀ ਉਪਲਬਧ ਹਨ। ਉਪਰੋਕਤ ਤੋਂ ਇਲਾਵਾ ਇਸ ਇਲਾਜ ਵਿਧੀ ਨੂੰ ਲੋਕ ਇਲਾਜ (Folk Medicine) ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ।

**8.4 ਸਭਿਆਚਾਰਕ ਮਹੱਤਤਾ:**

ਹੱਥ-ਲਿਖਤਾਂ ਪੁਰਾਤਨ ਸਭਿਆਚਾਰ ਦੀ ਨਵੇਂ ਸਭਿਆਚਾਰ ਨਾਲ ਜਾਣ-ਪਛਾਣ ਕਰਾਉਂਦੀਆਂ ਹਨ। ਇਹਨਾਂ ਰਾਹੀਂ ਅਸੀਂ ਆਪਣੇ ਪੁਰਖਿਆਂ ਦੀ ਸੰਸਕ੍ਰਿਤੀ, ਵਿਰਸੇ ਅਤੇ ਸਭਿਆਚਾਰ ਨਾਲ ਇਕ-ਮਿੱਕ ਹੁੰਦੇ ਹਾਂ ਅਤੇ ਮਾਣ ਕਰਦੇ ਹਾਂ। ਭਾਰਤ ਵਰਗੇ ਦੇਸ਼ਾਂ ਵਿਚ ਹਰ ਰਾਜ ਦਾ ਆਪਣਾ ਰਹਿਣ-ਸਹਿਣ, ਸੰਸਕ੍ਰਿਤੀ ਅਤੇ ਸਭਿਆਚਾਰ ਹੈ, ਜੋ ਪੀੜੀ ਦਰ ਪੀੜੀ ਅੱਗੇ ਵੱਧਦਾ ਹੈ। ਵਖਰੇਵੇਂ ਦੇ ਬਾਵਜੂਦ ਵੀ ਸਭ ਇਕ ਦੂਜੇ ਦੀਆਂ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਹਨ।

**8.5 ਰਾਜਨੀਤਿਕ ਮਹੱਤਤਾ:**

ਇਹ ਸ੍ਰੋਤ ਸਾਨੂੰ ਸੈਂਕੜੇ ਸਾਲ ਪੁਰਾਣੇ ਰਾਜਨੀਤਿਕ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੇ ਹਨ। ਚਾਣਕਯ ਦਾ ਅਰਥ ਸ਼ਾਸ਼ਤਰ ਇਸਦੀ ਪ੍ਰਮੁੱਖ ਉਦਹਾਰਨ ਹੈ। ਇਹ ਆਪਣੇ ਆਪ ਵਿਚ ਕਈ ਪਹਿਲੂਆਂ ਨੂੰ ਸਮੇਟਦਾ ਹੈ, ਜਿਵੇਂ ਧਾਰਮਿਕ, ਅਰਥ ਸ਼ਾਸ਼ਤਰ, ਕੂਟਨੀਤੀ ਆਦਿ। ਇਹ ਗ੍ਰੰਥ ਸਾਨੂੰ ਵੱਖ-ਵੱਖ ਰਾਜਾਂ ਦੀਆਂ ਆਪਸੀ ਸੰਧੀਆਂ, ਲੜਾਈਆਂ, ਰਾਜ-ਪ੍ਰਬੰਧ, ਰਾਜ-ਧਰਮ, ਪਰਜਾ ਦੀ ਹਾਲਤ, ਸ਼ਾਸਕਾਂ ਦਾ ਕਿਰਦਾਰ ਅਤੇ ਉਹਨਾਂ ਦੇ ਪਰਜਾ ਨਾਲ ਵਿਹਾਰ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ। ਸਮਾਜਕ ਚਿੰਤਕਾਂ ਦੀ ਬਹੁ-ਪਸਾਰੀ ਅਕਲ ਅਤੇ ਦਰਸ਼ਨ ਇਹਨਾਂ ਵਿਚ ਸਮਾਏ ਹੋਏ ਹਨ। ਪੰਜਾਬ ਦੇ ਸੰਦਰਭ ਵਿਚ ਗੱਲ ਕਰਦਿਆਂ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੀ ਜਾਣਕਾਰੀ ਲਾਹੌਰ ਦਰਬਾਰ ਨਾਲ ਸੰਬਧਿਤ ਹੱਥ-ਲਿਖਤਾਂ ਵਿਚੋਂ ਮਿਲਦੀ ਹੈ। ਜਿਸਦੇ ਕਾਰਨ ਹੀ ਅਸੀਂ ਉਸ ਕਾਲ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਖੁਦ ਵੀ ਜਾਣਦੇ ਹਾਂ ਅਤੇ ਬਾਕੀ ਦੁਨੀਆਂ ਨੂੰ ਵੀ ਦੱਸ ਸਕਦੇ ਹਾਂ।

**8.6 ਸਮਾਜਕ ਮਹੱਤਤਾ:**

ਇਹ ਗ੍ਰੰਥ ਸਾਡੇ ਮੁਲਕ ਦੇ ਇਤਿਹਾਸ, ਵਿਚਾਰਾਂ ਅਤੇ ਸੰਸਕ੍ਰਿਤੀ ਦੀਆਂ ਯਾਦਾਂ ਹਨ। ਇਹ ਸਮਾਜ ਨੂੰ ਇਕ ਮਾਲਾ ਵਿਚ ਪਰੋਣ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ। ਸਮਾਜ ਵਿਚ ਪ੍ਰਚਲਿਤ ਨਾਤਾ-ਪ੍ਰਬੰਧ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਉਹਨਾਂ ਦੀ ਇਕ-ਦੂਜੇ ਉੱਪਰ ਨਿਰਭਰਤਾ, ਆਪਸੀ ਸਾਂਝ ਅਤੇ ਸਾਂਝੀਵਾਲਤਾ ਬਾਰੇ ਗਿਆਨ ਪ੍ਰਦਾਨ ਕਰਦੇ ਹਨ।

## 9. ਹੱਥ-ਲਿਖਤਾਂ ਨਾਲ ਸਬੰਧਿਤ ਕੁਝ ਸੀਮਾਵਾਂ:

ਜਦ ਹੱਥ-ਲਿਖਤਾਂ ਬਾਰੇ ਜਾਨਣਾ ਅਤੇ ਸਮਝਣਾ ਸੁਰੂ ਕੀਤਾ ਜਾਂਦਾ ਹੈ, ਤਾਂ ਕੁੱਝ ਪਹਿਲੂ ਉਜਾਗਰ ਹੁੰਦੇ ਹਨ, ਜੋ ਜਿਆਦਾਤਰ ਹੱਥ-ਲਿਖਤਾਂ ਵਿਚੋਂ ਸਾਂਝੇ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੇ ਹਨ, ਜਿਵੇ: -

**9.1 ਅਧੂਰਾਪਣ:**

ਇਹ ਸ੍ਰੋਤ ਸਦੀਆਂ ਦਾ ਸਫ਼ਰ ਤਹਿ ਕਰਕੇ ਸਾਡੇ ਤਕ ਪਹੁੰਚੇ ਹਨ ਅਤੇ ਸੰਭਾਲ ਦੀ ਘਾਟ ਕਾਰਨ ਜਾਂ ਕਾਫ਼ੀ ਪੁਰਾਣੇ ਹੋਣ ਕਾਰਨ ਵੱਡੀ ਗਿਣਤੀ ਵਿਚ ਅਧੂਰੇ ਹੁੰਦੇ ਹਨ। ਜਿਸ ਕਾਰਨ ਇਹਨਾਂ ਸ੍ਰੋਤਾਂ ਦੇ ਸ਼ੁਰੂਆਤੀ ਅਤੇ ਅੰਤਲੇ ਪੱਤਰੇ ਨਾ ਹੋਣ ਕਾਰਨ ਕੀਮਤੀ ਜਾਣਕਾਰੀ ਦਾ ਨੁਕਸਾਨ ਹੋ ਜਾਂਦਾ ਹੈ। ਕਿਉਂਕਿ ਅਕਸਰ ਹੱਥ-ਲਿਖਤਾਂ ਦੇ ਲੇਖਕ ਜਾਂ ਉਤਾਰਾਕਾਰ ਆਪਣਾ ਨਾਂ, ਲਿਖਣ ਸਥਾਨ ਜਾਂ ਲਿਖਣ ਦੇ ਕਾਲ ਦੀ ਜਾਣਕਾਰੀ ਸ਼ੁਰੂਆਤੀ ਜਾਂ ਅੰਤਲੇ ਪੱਤਰਿਆਂ ਵਿਚ ਹੀ ਦਰਜ਼ ਕਰਦੇ ਸਨ, ਪਰ ਇਹਨਾਂ ਦੇ ਅਧੂਰੇਪਣ ਨਾਲ ਖੋਜਾਰਥੀ/ ਪਾਠਕ ਕੀਮਤੀ ਜਾਣਕਾਰੀ ਤੋਂ ਵਾਂਝਾ ਹੋ ਜਾਂਦਾ ਹੈ।

**9.2 ਭੌਤਿਕ ਰੂਪ ਵਿਚ ਨੁਕਸਾਨਗ੍ਰਸਤ:**

ਕਈ ਵਾਰੀ ਦਹਾਕਿਆਂ ਬੱਧੀ ਇਹ ਗ੍ਰੰਥ ਸਾਂਭ-ਸੰਭਾਲ ਦੀ ਘਾਟ ਕਾਰਨ ਉੱਲੀ, ਸਿੱਲ੍ਹ ਜਾਂ ਸਿਉਂਕ ਲੱਗਣ ਨਾਲ ਨੁਕਸਾਨਗ੍ਰਸਤ ਹੋਏ ਹੁੰਦੇ ਹਨ। ਇਹਨਾਂ ਦੇ ਨੁਕਸਾਨਗ੍ਰਸਤ ਪੱਤਰਿਆਂ ਦੀ ਮੁਰੰਮਤ ਕਰਨਾ ਬਹੁਤ ਸਮਾਂ ਲੈਣ ਵਾਲਾ, ਖਰਚੀਲਾ ਅਤੇ ਬੇਹੱਦ ਤਕਨੀਕੀ ਕਾਰਜ ਹੈ। ਬੇਹੱਦ ਕੋਸ਼ਿਸ਼ਾਂ ਦੇ ਬਾਵਜੂਦ ਵੀ ਕਈ ਵਾਰ ਨੁਕਸਾਨ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

**9.3 ਮਿਤੀ ਰਹਿਤ ਹੋਣਾ:**

ਕਈ ਹੱਥ-ਲਿਖਤਾਂ ਵਿਚ ਉਸ ਸਬੰਧਿਤ ਮਿਤੀ ਦਾ ਹਵਾਲਾ ਨਹੀਂ ਦਰਜ ਕੀਤਾ ਜਾਂਦਾ ਸੀ, ਜਾਂ ਕਿਸੇ ਕਾਰਨ ਲੋੜੀਂਦੀ ਜਾਣਕਾਰੀ ਵਾਲੇ ਪੱਤਰੇ ਨਸ਼ਟ ਹੋਣ ਕਾਰਨ ਪਤਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਸੰਬੰਧਿਤ ਹੱਥ-ਲਿਖਤ ਦੀ ਰਚਨਾ ਕਦੋਂ ਹੋਈ। ਅਜਿਹੇ ਕੇਸਾਂ ਵਿਚ ਸਮੇਂ ਦੀ ਸਥਾਪਤੀ ਅਹਿਮ ਮਸਲਾ ਬਣ ਜਾਂਦਾ

ਹੈ।ਇਸ ਖੇਤਰ ਦੇ ਮਾਹਿਰ ਕੁਝ ਤਰੀਕਿਆਂ ਨਾਲ ਰਚਨਾ ਕਾਲ ਬਾਰੇ ਅੰਦਾਜ਼ਾ ਤਾਂ ਲਗਾ ਸਕਦੇ ਹਨ, ਪਰ ਇਸਦੇ ਬਾਰੇ ਸਟੀਕ ਜਾਣਕਾਰੀ ਪ੍ਰਾਪਤ ਨਹੀਂ ਹੋ ਸਕਦੀ।

**9.4 ਪਹੁੰਚ ਤੋਂ ਬਾਹਰ:**

ਅੱਜ ਵੀ ਦੇਸ਼ ਵਿਚ ਮੌਜੂਦ ਹੱਥ-ਲਿਖਤਾਂ ਜ਼ਿਆਦਾਤਰ ਵਿਅਕਤੀਗਤ ਜਾਂ ਵਿਅਕਤੀਗਤ ਸੰਸਥਾਵਾਂ ਦੇ ਹੱਥਾਂ ਵਿਚ ਹਨ, ਅਤੇ ਉਹ ਆਮ ਪਾਠਕ ਜਾਂ ਖੋਜਾਰਥੀ ਦੀ ਪਹੁੰਚ ਤੋਂ ਬਾਹਰ ਹਨ। ਭਾਵੇਂ ਕਿ ਇਸ ਖੇਤਰ ਵਿਚ ਯੂਨੀਵਰਸਿਟੀਆਂ ਅਤੇ ਹੋਰ ਸਬੰਧਿਤ ਸੰਸਥਾਵਾਂ ਇਹਨਾਂ ਦੀ ਪਹੁੰਚ ਅਸਾਨ ਬਣਾਉਣ ਵਿਚ ਕੰਮ ਕਰ ਰਹੀਆਂ ਹਨ, ਪਰ ਫਿਰ ਵੀ ਚਾਹਵਾਨਾਂ ਲਈ ਇਹਨਾਂ ਦੀ ਉਪਲੱਬਧਤਾ ਸੌਖੀ ਨਹੀਂ ਬਣਾਈ ਜਾ ਸਕੀ ਹੈ। ਨੈਸ਼ਨਲ ਮਿਸ਼ਨ ਫਾਰ ਮੈਨੂਸਕਰਿਪਟਸ, ਨਵੀਂ ਦਿੱਲੀ ਇਸ ਲਈ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ।

**9.5 ਅਗਿਆਤ ਰਚਨਾਵਾਂ:**

ਖਾਸ ਕਰਕੇ ਧਾਰਮਿਕ ਹੱਥ-ਲਿਖਤ ਗ੍ਰੰਥਾਂ ਵਿਚ ਉਤਾਰਾਕਾਰ ਆਪਣਾ ਨਾਂ ਆਦਿ ਨਹੀਂ ਲਿਖਦੇ ਸਨ। ਸ਼ਾਇਦ ਉਹ ਇਹ ਕਾਰਜ ਸਿਰਫ਼ ਸੇਵਾ ਭਾਵਨਾ ਨਾਲ ਹੀ ਕਰਦੇ ਸਨ। ਹਿੰਦੂ ਅਤੇ ਸਿੱਖ ਧਰਮ ਦੇ ਅਨੇਕਾਂ ਗ੍ਰੰਥ ਹਨ, ਜਿਨ੍ਹਾਂ ਵਿਚ ਮੂਲ ਰਚੇਤਿਆਂ ਬਾਰੇ ਤਾਂ ਜਾਣਕਾਰੀ ਹੁੰਦੀ ਹੈ, ਪਰ ਉਤਾਰਾਕਾਰਾਂ ਅਤੇ ਅਨੁਵਾਦਕਾਂ ਬਾਰੇ ਨਹੀਂ।

**9.6 ਲੜੀਵਾਰ ਲਿਖਾਵਟ:**

ਲਗਭਗ ਸਾਰੀਆਂ ਹੀ ਹੱਥ-ਲਿਖਤਾਂ ਸ਼ਬਦਾਂ ਵਿਚ ਬਿਨ੍ਹਾਂ ਜਗ੍ਹਾ ਛੱਡਿਆਂ ਲੜੀਵਾਰ ਰੂਪ ਵਿਚ ਹੀ ਲਿਖੀਆਂ ਜਾਂਦੀਆਂ ਸਨ। ਇਹ ਹੱਥ-ਲਿਖਤਾਂ ਦੀ ਪ੍ਰਚਲਿਤ ਲਿਖਣ ਸ਼ੈਲੀ ਜਾਂ ਵਿਸ਼ੇਸ਼ਤਾ ਸੀ। ਸ਼ਾਇਦ ਇਹ ਕਿਸੇ ਪਾਠ ਕ੍ਰਮ ਵਿਚ, ਭਵਿੱਖ ਕਾਲ ਵਿਚ ਲਿਖਤ ਦਾ ਸੁਨੇਹਾ ਬਦਲ ਦੇਣ ਵਾਲੇ ਅੱਖਰਾਂ ਦੀ ਘੁਸਪੈਠ ਨੂੰ ਰੋਕਣ ਲਈ ਵੀ ਹੋ ਸਕਦੀ ਹੈ ਜਾਂ ਸੀਮਤ ਲਿਖਣ ਸਮੱਗਰੀ ਉੱਪਰ ਵਧੇਰੇ ਪਾਠ ਲਿਖਣਾ ਵੀ ਇਕ ਕਾਰਨ ਹੋ ਸਕਦਾ ਹੈ, ਤਾਂ ਜੋ ਕਾਗਜ਼ ਜਾਂ ਹੋਰ ਲਿਖਣ ਸਮੱਗਰੀ ਦੀ ਬੱਚਤ ਕੀਤੀ ਜਾ ਸਕੇ। ਇਹ ਕਰਤਾ ਵੱਲੋਂ ਆਪਣੀ ਵਿਦਵਤਾ ਜ਼ਾਹਿਰ ਕਰਨ ਦਾ ਇਕ ਢੰਗ ਵੀ ਹੋ ਸਕਦਾ ਹੈ। ਪਰ ਕੁੱਲ ਮਿਲਾ ਕੇ ਅਜੋਕੇ ਸਮੇਂ ਦੇ ਪਾਠਕਾਂ ਲਈ ਇਹਨਾਂ ਨੂੰ ਪੜ੍ਹਨਾ ਕਾਫੀ ਮੁਸ਼ਕਿਲ ਹੈ। ਪੜ੍ਹਨ -ਲਿਖਣ ਵਿਚ ਕੀਤੀ ਹੋਈ ਛੋਟੀ ਗਲਤੀ ਵੀ ਅਰਥਾਂ ਦਾ ਅਨਰਥ ਕਰ ਸਕਦੀ ਹੈ।

**9.7 ਹੱਥ-ਲਿਖਤ ਮਾਹਿਰਾਂ ਦੀ ਘਾਟ:**

ਇਕ ਅਹਿਮ ਕਾਰਨ ਹੱਥ-ਲਿਖਤਾਂ ਨੂੰ ਪੜ੍ਹਨ ਅਤੇ ਸਮਝਣ ਵਾਲੇ ਮਾਹਿਰਾਂ ਦੀ ਘਾਟ ਦਾ ਹੋਣਾ ਵੀ ਹੈ। ਮਾਹਿਰਾਂ ਦੀ ਇਹ ਘਾਟ ਰਾਸ਼ਟਰੀ ਪੱਧਰ ਤੇ ਕਾਰਜਸ਼ੀਲ ਸੰਸਥਾਵਾਂ ਵੀ ਮਹਿਸੂਸ ਕਰ ਰਹੀਆਂ ਹਨ। ਇਸ ਨਾਲ ਇਹਨਾਂ ਗ੍ਰੰਥਾਂ ਦੀ ਵਿਆਖਿਆ, ਸੰਪਾਦਨ ਅਤੇ ਅਨੁਵਾਦ ਵਿਚ ਖੜੋਤ ਆਉਂਦੀ ਹੈ। ਜਿਸਦੇ ਫਲਸਰੂਪ ਬਜ਼ੁਰਗਾਂ ਦੇ ਗਿਆਨ ਦਾ ਚਾਨਣ ਵਾਰਿਸਾਂ ਤਕ ਪਹੁੰਚਾਉਣਾ ਔਖਾ ਹੋ ਜਾਂਦਾ ਹੈ।

## 10. ਭਾਰਤੀ ਦ੍ਰਿਸ਼:

ਮੌਜੂਦਾ ਸਮੇਂ ਭਾਰਤ ਵਿਚ ਵੱਖ-ਵੱਖ ਭਾਸ਼ਾਵਾਂ, ਲਿੱਪੀਆਂ ਅਤੇ ਆਕਾਰਾਂ ਵਿਚ ਹੱਥ-ਲਿਖਤਾਂ ਦੀ ਅੰਦਾਜ਼ਨ ਗਿਣਤੀ ਦਸ ਮਿਲੀਅਨ ਭਾਵ ਇਕ ਕਰੋੜ ਦੇ ਕਰੀਬ ਹੈ, ਜੋ ਕਿ ਵੱਖ-ਵੱਖ ਸਮੱਗਰੀ ਜਿਵੇਂ ਲੱਕੜੀ ਦੇ ਸੱਕਾਂ, ਖਜੂਰ ਦੇ ਪੱਤਿਆਂ, ਚਮੜੇ, ਕੱਪੜੇ ਅਤੇ ਹੱਥ ਦੇ ਬਣੇ ਹੋਏ ਕਾਗਜ਼ ਤੇ ਲਿਖੀਆਂ ਹੋਈਆਂ ਹਨ। ਇਹ ਲਾਇਬ੍ਰੇਰੀਆਂ, ਅਜਾਇਬ ਘਰਾਂ, ਮੱਠਾਂ, ਮੰਦਰਾਂ, ਗੁਰਦੁਆਰਿਆਂ ਅਤੇ ਲੋਕਾਂ ਦੇ ਘਰਾਂ ਵਿਚ ਮੌਜੂਦ ਹਨ।[6]

ਭੰਡਾਰਕਰ ਓਰੀਐਂਟਲ ਰਿਸਰਚ ਇੰਸਟੀਚਿਊਟ ਪੂਨੇ ਵਿਚ ਮੌਜੂਦ ਰਿਗਵੇਦ ਗ੍ਰੰਥ ਨੂੰ 'ਮੈਮਰੀ ਆਫ ਦਾ ਵਰਲਡ ਰਜਿਸਟਰ 2007' ਵਿਚ ਸ਼ਿਲਾਲੇਖ ਲਈ ਨਾਮਜ਼ਦ ਕੀਤਾ ਗਿਆ।[7]

2005 ਵਿਚ ਯੁਨੈਸਕੋ ਦੁਆਰਾ ਪੋਂਡੀਚਿਰੀ ਵਿਚ ਮੌਜੂਦ ਸ਼ੈਵ ਹੱਥ-ਲਿਖਤਾਂ ਨੂੰ ਮੈਮਰੀ ਆਫ ਦਾ ਵਰਲਡ ਦਾ ਅਵਾਰਡ ਦਿੱਤਾ ਗਿਆ। ਇਸੇ ਪ੍ਰਕਾਰ 1997 ਵਿਚ ਮੈਮਰੀ ਆਫ ਦਾ ਵਰਲਡ ਰਜਿਸਟਰ ਲਈ ਯੂਨੈਸਕੋ ਦੁਆਰਾ ਆਈ.ਏ. ਐਸ. ਤਾਮਿਲ ਮੈਡੀਕਲ, ਮੈਨੂਸਕਰਿਪਟ ਕੁਲੈਕਸ਼ਨ ਨੂੰ ਨਾਮਜ਼ਦ ਕੀਤਾ ਗਿਆ।[8]

1988-90 ਦੇ ਦਰਮਿਆਨ ਡਾ. ਐਸ. ਸੀ. ਬਿਸਵਾਸ ਅਤੇ ਐਮ. ਕੇ ਪਰਜਾਪਤੀ ਦੁਆਰਾ ਕੀਤੇ ਸਰਵੇ ਅਨੁਸਾਰ ਹੇਠ ਲਿਖੇ ਅੰਕੜੇ ਸਾਹਮਣੇ ਆਏ, ਜੋ ਕਿ 1100 ਪ੍ਰਿੰਟਡ ਕੈਟਾਲਾਗ ਅਤੇ 70 ਲਾਇਬੇਰੀਆਂ ਦੀਆਂ ਹੱਥ-ਸੂਚੀਆਂ (ਵੱਖ -ਵੱਖ ਸੰਸਥਾਵਾਂ ਅਤੇ ਆਮ ਲੋਕਾਂ ਨਾਲ ਸੰਬੰਧਿਤ ਹੱਥ-ਲਿਖਤਾਂ ਤੋਂ ਤਿਆਰ ਕੀਤੇ ਹੋਏ) 'ਤੇ ਅਧਾਰਿਤ ਸਨ:[9]

| | | |
|---|---|---|
| ਭਾਰਤ ਵਿਚ ਕੁੱਲ ਹੱਥ-ਲਿਖਤਾਂ | - | 5,00,0000/- |
| ਭਾਰਤੀ ਹੱਥ-ਲਿਖਤਾਂ ਜੋ ਕਿ ਯੂਰਪੀ ਮੁਲਕਾਂ ਵਿਚ ਮੌਜੂਦ ਹਨ | - | 60000/- |
| ਭਾਰਤੀ ਹੱਥ-ਲਿਖਤਾਂ ਜੋ ਕਿ ਦੱਖਣੀ ਏਸ਼ੀਆ ਅਤੇ ਹੋਰ ਏਸ਼ੀਆਈ ਮੁਲਕਾਂ ਵਿਚ ਮੌਜੂਦ ਹਨ | - | 1,50,000/- |
| ਸੂਚੀ ਬੱਧ ਹੱਥ-ਲਿਖਤਾਂ | - | 1,00,000/- |

ਭਾਸ਼ਾਵਾਰ ਹੱਥ-ਲਿਖਤਾਂ ਦੀ ਪ੍ਰਤੀਸ਼ਤਤਾ: -

| | | |
|---|---|---|
| ਸੰਸਕ੍ਰਿਤ | - | 67% |
| ਹੋਰ ਭਾਰਤੀ ਭਾਸ਼ਾਵਾਂ | - | 25% |
| ਅਰਬੀ/ਫ਼ਾਰਸੀ/ਤਿਬਤੀ | - | 8% |

ਭਾਵੇਂ ਕਿ ਸਾਡੇ ਬਜ਼ੁਰਗਾਂ ਨੇ ਇਹਨਾਂ ਬਹੁਮੁੱਲੀਆਂ ਹੱਥ-ਲਿਖਤਾਂ ਦੀ ਬਹੁਤ ਸੰਭਾਲ ਕੀਤੀ ਹੈ, ਪਰ ਫਿਰ ਵੀ ਲੱਖਾਂ ਦੀ ਤਾਦਾਦ ਵਿਚ ਇਹ ਵੱਖ-ਵੱਖ ਥਾਵਾਂ ਤੇ ਖਿੱਲਰੇ ਹੋਣ ਕਾਰਨ ਇਹ ਖੋਜਾਰਥੀਆਂ/ਪਾਠਕਾਂ ਦੀ ਪਹੁੰਚ ਤੋਂ ਦੂਰ ਹਨ।

ਪੁਰਾਤਨ ਸਮੇਂ ਵਿਚ ਭਾਰਤ ਉੱਪਰ ਵਿਦੇਸ਼ੀ ਹਮਲਾਵਰਾਂ ਦੇ ਹਮਲੇ ਸਿਰਫ ਇਥੋਂ ਦਾ ਮਾਲ-ਧਨ ਲੁੱਟਣ ਲਈ ਹੀ ਨਹੀਂ ਹੋਏ ਸਨ, ਬਲਕਿ ਇਨ੍ਹਾਂ ਦੌਰਾਨ ਭਾਰਤ ਦੀ ਬੌਧਿਕ ਸੰਸਕ੍ਰਿਤੀ ਅਤੇ ਸਭਿਆਚਾਰ ਦੇ ਦਸਤਾਵੇਜਾਂ ਦੀ ਵੀ ਭਰਪੂਰ ਲੁੱਟ-ਖਸੁੱਟ ਹੋਈ ਸੀ। ਉਪਰੋਕਤ ਅੰਕੜੇ ਇਸ ਤੱਥ ਦੀ ਤਸਦੀਕ ਕਰਦੇ ਹਨ। ਇਹਨਾਂ ਦੀ ਭਰਪਾਈ ਅਸੰਭਵ ਹੈ।

## 11. ਸਾਰ-ਅੰਸ਼:

ਹੱਥ-ਲਿਖਤਾਂ ਦੁਰਲੱਭ ਗਿਆਨ ਦਾ ਖਜ਼ਾਨਾ ਹਨ। ਆਉਣ ਵਾਲੀਆਂ ਪੀੜੀਆਂ ਨੂੰ ਸਿੱਕੇਬੰਦ ਗਿਆਨ ਪ੍ਰਦਾਨ ਕਰਨ ਲਈ ਇਨ੍ਹਾਂ ਦੀ ਸੰਭਾਲ ਜ਼ਰੂਰੀ ਹੈ। ਹੱਥ-ਲਿਖਤਾਂ 'ਤੇ ਖੋਜ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ ਕਿ ਜਿਹੜੇ ਲੋਕਾਂ ਕੋਲ ਨਿੱਜੀ ਹੱਥ-ਲਿਖਤ ਸੰਗ੍ਰਹਿ ਹਨ, ਉਨ੍ਹਾਂ ਨੂੰ ਹੱਥ-ਲਿਖਤਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਜਾਵੇ ਅਤੇ ਇਨ੍ਹਾਂ ਦੀ ਸੰਭਾਲ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਕਿ ਅਸੀਂ ਇਨ੍ਹਾਂ ਵੱਡਮੁੱਲੇ ਸ੍ਰੋਤਾਂ ਨੂੰ ਸਾਂਭ ਸਕੀਏ। ਡਿਜੀਟਾਈਜੇਸ਼ਨ ਹੱਥ-ਲਿਖਤਾਂ ਵਿਚਲੀ ਜਾਣਕਾਰੀ ਨੂੰ ਸੰਭਾਲਣ ਦਾ ਸਭ ਤੋਂ ਉੱਤਮ ਅਤੇ ਆਧੁਨਿਕ ਉਪਰਾਲਾ ਹੈ। ਲਾਇਬ੍ਰੇਰੀਆਂ ਮੌਜੂਦ ਹੱਥ-ਲਿਖਤਾਂ ਦੀਆਂ ਸੂਚੀਆਂ ਬਣਾ ਕੇ ਇਨ੍ਹਾਂ ਦੀ ਹੋਂਦ ਨਾਲ ਸੰਬਧਿਤ ਅੰਕੜੇ ਤਿਆਰ ਕਰ ਸਕਦੀਆਂ ਹਨ। ਇਹ ਸਾਡੇ ਦੇਸ਼ ਦੀ ਪਰੰਪਰਿਕ ਜਾਣਕਾਰੀ ਅਤੇ ਗਿਆਨ ਦੀ ਅਮੀਰੀ ਨੂੰ ਦਰਸਾਉਂਦੀਆਂ ਹਨ।

## ਹਵਾਲੇ:


1. **https://www.namami.gov.in/**
2. Chopra, H.S. **Information Marketing: from ancient to modern times**. Information Technology Tools and Techniques in Social Science Research. Edited by H.S. Chopra, New Delhi: Shree Publishers, p.723.
3. Chopra, H.S. **"Indian Manuscript network. Caliber 97.** 6-8 March, 1997, Patiala, pp. 109-110.
4. **https://namami.gov.in/knowledge%20areas**
5. **https://www.britannica.com/science/history%20of%20medicines.**
6. ht**tps://www.namami.gov.in/materials-sizes-and-shapes**
7. **https://www.namami.gov.in/memory-world**
8. **https://www.namami.gov.in/memory-world**
9. Gaur, Ramesh C, and Charkraborty, Mrinmoy, "Preservation and access to Indian manuscripts: A knowledge base of Indian cultural heritage resources for academic libraries. In. ICAL 2009- Vision and roles of the future academic libraries. Avaibale at: http://www.slideshare.net/ayepee99/preservation-of-indian-manuscripts